ਵਰਲਡ ਪੰਜਾਬੀ ਟਾਈਮਜ਼

WORLD PUNJABI TIMES

A Punjabi News Protal & Epaper From Winnipeg, Canada

Visit us at : www.worldpunjabitimes.com

Mob: 7973333573, +1 (418) 887-0162, +1 (431) 458-6922

ਮੁੱਖ ਸੰਪਾਦਕ : ਡਾ. ਸੁਰਜੀਤ ਸਿੰਘ ਸਹਿ ਸੰਪਾਦਕ: ਨਵਜੋਤ ਬਿਲਿੰਗ ਬਿਊਰੋ ਚੀਫ ਕੈਨੇਡਾ : ਅਮਰਜੀਤ ਸਿੰਘ ਬਾਵਾ ਬਿਊਰੋ ਚੀਫ ਭਾਰਤ : ਗਗਨਦੀਪ ਗਿੱਲ

Epaper World Punjabi Times | 27 ਨਵੰਬਰ 2026 ਦਿਨ ਸ਼ੁੱਕਰਵਾਰ | ਈ-ਪੇਪਰ ਵਰਲਡ ਪੰਜਾਬੀ ਟਾਈਮਜ਼

ਪ੍ਰੋ. ਨਵ ਸੰਗੀਤ ਸਿੰਘ ਨੂੰ ਮਿਲਿਆ ਰਾਸ਼ਟਰੀ ਅਨੁਵਾਦ ਪੁਰਸਕਾਰ

ਵਰਲਡ ਪੰਜਾਬੀ ਟਾਈਮਜ਼



ਪਟਿਆਲਾ 27 ਨਵੰਬਰ : 1987 ਵਿੱਚ ਸਥਾਪਤ ਦੇਸ਼ ਦੀ ਇਕਲੌਤੀ ਪੁਰਾਤਨ ਹਿੰਦੀ ਸਾਹਿਤ ਸੇਵੀ ਸੰਸਥਾ 'ਪੰਜਾਬ ਕਲਾ ਸਾਹਿਤ ਅਕਾਦਮੀ' (ਰਜਿ.) ('ਪੰਕਸ') ਜਲੰਧਰ ਨੇ ਆਪਣਾ 30 ਵਾਂ ਸਾਲਾਨਾ ਸਮਾਗਮ ਲੰਘੇ ਐਤਵਾਰ ਨੂੰ ਲਾਇਨਜ਼ ਕਲੱਬ, ਲਾਜਪਤ ਨਗਰ ਜਲੰਧਰ ਵਿਖੇ ਆਯੋਜਿਤ ਕੀਤਾ। ਜਿਸ ਵਿੱਚ ਕਲਾ ਅਤੇ ਸਾਹਿਤ ਦੇ ਅੰਤਰਗਤ ਸ਼੍ਰੇਸ਼ਟ ਸੇਵਾਵਾਂ ਨਿਭਾਉਣ ਵਾਲੀਆਂ 32 ਸ਼ਖਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ। ਅਕਾਦਮੀ ਦੇ ਮੁਖੀ ਸ਼੍ਰੀ ਸਿਮਰ ਸਦੋਸ਼, ਡਾਇਰੈਕਟਰ ਡਾ. ਜਗਦੀਪ ਸਿੰਘ, ਸ਼੍ਰੀ ਨਰੇਸ਼ ਮਹਿਰਾ, ਡਾ. ਆਸ਼ਾ ਸ਼ੈਲੀ ਅਤੇ ਜਨਰਲ ਸਕੱਤਰ ਸ਼੍ਰੀ ਸੁਕ੍ਰਾਂਤ ਸਫ਼ਰੀ ਦੀ ਦੇਖਰੇਖ ਹੇਠ ਹੋਏ ਇਸ ਸ਼ਾਨਦਾਰ ਸਮਾਗਮ ਵਿੱਚ ਰਾਸ਼ਟਰੀ ਸ਼ੈਰਯ ਸਨਮਾਨ, ਰਾਸ਼ਟਰੀ ਮਾਨਵ ਸੇਵਾ ਰਤਨ ਸਨਮਾਨ, ਰਾਸ਼ਟਰੀ ਸ਼ਿਕਸ਼ਾ ਰਤਨ ਸਨਮਾਨ, ਵਿਰਾਸਤੀ ਫੁਲਕਾਰੀ ਸਨਮਾਨ, ਰਾਸ਼ਟਰੀ ਪੱਤਰਕਾਰੀ ਸਨਮਾਨ, ਰਾਸ਼ਟਰੀ ਸ਼ਿਰੋਮਣੀ ਪੱਤਰਕਾਰੀ ਸਨਮਾਨ, ਰਾਸ਼ਟਰੀ ਮੀਡੀਆ ਅਕਾਦਮੀ ਸਨਮਾਨ, ਰਾਸ਼ਟਰੀ ਅਨੁਵਾਦ ਸ਼੍ਰੇਸ਼ਟ ਸਨਮਾਨ, ਅੰਤਰਰਾਸ਼ਟਰੀ ਪਰਵਾਸੀ ਸਾਹਿਤ ਸਨਮਾਨ, ਅੰਤਰਰਾਸ਼ਟਰੀ ਪ੍ਰਕਾਸ਼ਨ ਸਨਮਾਨ, ਅਦਬ ਨਵਾਜ਼ੀ ਸਨਮਾਨ, ਰਾਸ਼ਟਰੀ ਵਿਸ਼ਿਸ਼ਟ ਅਕਾਦਮੀ ਸਨਮਾਨ ਆਦਿ ਪੁਰਸਕਾਰ ਪ੍ਰਦਾਨ ਕੀਤੇ ਗਏ। ਪੰਜਾਬੀ ਦੇ ਜਾਣੇ-ਪਛਾਣੇ ਲੇਖਕ ਅਤੇ ਅਨੁਵਾਦਕ ਪ੍ਰੋ. ਨਵ ਸੰਗੀਤ ਸਿੰਘ ਨੂੰ ਅਕਾਦਮੀ ਵੱਲੋਂ ਰਾਸ਼ਟਰੀ ਅਨੁਵਾਦ ਪੁਰਸਕਾਰ ਪ੍ਰਦਾਨ ਕੀਤਾ ਗਿਆ। ਸ਼੍ਰੀ ਸਿਮਰ ਸਦੋਸ਼ ਨੇ ਆਪਣੇ ਸੰਬੋਧਨ ਵਿਚ ਪ੍ਰੋ ਸਿੰਘ ਦੇ ਅਨੁਵਾਦ ਕਾਰਜ ਦੀ ਭਰਵੀਂ ਪ੍ਰਸੰਸਾ ਕੀਤੀ। ਮੰਚ ਉੱਤੇ ਪ੍ਰੋ ਸਿੰਘ ਦੇ ਨਾਲ ਉਨ੍ਹਾਂ ਦੀ ਸੁਪਤਨੀ ਡਾ ਕੁਲਦੀਪ ਕੌਰ ਦਾ ਵੀ ਫੁਲਕਾਰੀ ਅਤੇ ਸਿਰੋਪਾਓ ਨਾਲ ਸਨਮਨ ਕੀਤਾ ਗਿਆ। ਜ਼ਿਕਰਯੋਗ ਹੈ ਕਿ ਪ੍ਰੋ. ਸਿੰਘ ਨੇ ਹੁਣ ਤੱਕ 30 ਕਿਤਾਬਾਂ ਹਿੰਦੀ ਤੋਂ ਪੰਜਾਬੀ ਵਿੱਚ ਅਨੁਵਾਦ ਕੀਤੀਆਂ ਹਨ, ਜਿਨ੍ਹਾਂ ਵਿੱਚੋਂ 18 ਕਿਤਾਬਾਂ ਛਪ ਚੁੱਕੀਆਂ ਹਨ। ਉਨ੍ਹਾਂ ਨੇ ਅਨੁਵਾਦ ਦੇ ਕਾਰਜ ਨੂੰ ਇੱਕ ਚੈਲੰਜ ਵਜੋਂ ਪ੍ਰਵਾਨ ਕੀਤਾ ਹੈ ਤੇ ਇਹ ਕੰਮ ਉਹ 1986 ਤੋਂ ਨਿਰੰਤਰ ਕਰਦੇ ਆ ਰਹੇ ਹਨ। ਉਨ੍ਹਾਂ ਦੀਆਂ ਪ੍ਰਕਾਸ਼ਿਤ ਕਿਤਾਬਾਂ ਵਿੱਚੋਂ ਦੋ ਕਿਤਾਬਾਂ ਨੈਸ਼ਨਲ ਬੁੱਕ ਟ੍ਰੱਸਟ ਇੰਡੀਆ ਨੇ ਛਾਪੀਆਂ ਹਨ। ਉਨ੍ਹਾਂ ਨੇ ਕਰੀਬ 50 ਹਿੰਦੀ ਲੇਖਕਾਂ ਦੀਆਂ ਰਚਨਾਵਾਂ (ਕਹਾਣੀਆਂ, ਮਿੰਨੀ ਕਹਾਣੀਆਂ, ਵਿਅੰਗ, ਲੇਖ ਆਦਿ) ਨੂੰ ਪੰਜਾਬੀ ਵਿੱਚ ਅਨੁਵਾਦ ਕਰਕੇ ਛਪਵਾਇਆ ਹੈ। ਇਸਦੇ ਨਾਲ ਹੀ 60 ਹਿੰਦੀ ਲੇਖਕਾਂ ਨੂੰ 'ਵਰਲਡ ਪੰਜਾਬੀ ਟਾਈਮਜ਼' ਦੇ ਯੂਟਿਊਬ ਚੈਨਲ ਰਾਹੀਂ ਸਰੋਤਿਆਂ ਦੇ ਰੂਬਰੂ ਕੀਤਾ ਹੈ। ਪ੍ਰੋਫ਼ ਨੂੰ ਜਾਰੀ ਬਿਆਨ ਵਿੱਚ ਪ੍ਰੋ. ਸਿੰਘ ਨੇ ਦੱਸਿਆ ਕਿ ਉਨ੍ਹਾਂ ਦੀ ਬੇਟੀ ਪ੍ਰੋ. ਰੁਹੀ ਸਿੰਘ, ਸੁਪਤਨੀ ਡਾ. ਕੁਲਦੀਪ ਕੌਰ ਅਤੇ ਦੋਸਤਾਂ-ਮਿੱਤਰਾਂ ਦੀ ਹੌਸਲਾ-ਅਫ਼ਜ਼ਾਈ ਕਰਕੇ ਉਨ੍ਹਾਂ ਨੇ ਇਸ ਬਿਖੜੇ ਕਾਰਜ ਨੂੰ ਸੇਵਾਮੁਕਤੀ (ਪੰਜਾਬੀ ਯੂਨੀਵਰਸਿਟੀ ਗੁਰੂ ਕਾਸ਼ੀ ਕੈਂਪਸ ਦਮਦਮਾ ਸਾਹਿਬ) ਤੋਂ ਬਅਦ ਵੀ ਜਾਰੀ ਰੱਖਿਆ ਹੋਇਆ ਹੈ। ਉਨ੍ਹਾਂ ਨੇ ਇਸ ਸਨਮਾਨ ਲਈ ਚੋਣ ਕਰਨ ਵਾਸਤੇ ਵਿਸ਼ੇਸ਼ ਤੌਰ ਤੇ ਅਕਾਦਮੀ ਦੇ ਮੁਖੀ ਸ਼੍ਰੀ ਸਿਮਰ ਸਦੋਸ਼ ਅਤੇ ਡਾਇਰੈਕਟਰ ਡਾ. ਆਸ਼ਾ ਸ਼ੈਲੀ ਦਾ ਧੰਨਵਾਦ ਕੀਤਾ। ਵੱਡਾ ਸਨਮਾਨ ਮਿਲਣ ਤੇ ਖ਼ੁਸ਼ੀ ਦਾ ਪ੍ਰਗਟਾਵਾ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਨਾਲ ਉਨ੍ਹਾਂ ਦੀ ਜ਼ਿੰਮੇਵਾਰੀ ਹੋਰ ਵੀ ਵਧ ਗਈ ਹੈ।

ਚੋਣ ਆਬਜਰਵਰ ਡਾ. ਸੇਨੂ ਦੁੱਗਲ ਦੀ ਨਿਗਰਾਨੀ ਹੇਠ ਨਗਰ ਨਿਗਮ ਦੀਆਂ 30 ਵਾਰਡਾਂ ਦੀਆਂ ਮੁੜ ਚੋਣਾਂ ਲਈ 123 ਪੋਲਿੰਗ ਬੂਥਾਂ ਦੀਆਂ ਈਵੀਐਮ ਮਸ਼ੀਨਾਂ ਦੀ ਰੈਂਡੇਮਾਈਜੇਸ਼ਨ

30 ਵਾਰਡਾਂ ਵਿੱਚ 77,419 ਮਰਦ, 72,338 ਔਰਤਾਂ ਅਤੇ 11 ਤੀਜੇ ਲਿੰਗ ਦੇ ਵੋਟਰਾਂ ਸਮੇਤ ਕੁੱਲ 1,49,768 ਵੋਟਰ

ਵਰਲਡ ਪੰਜਾਬੀ ਟਾਈਮਜ਼



ਪਟਿਆਲਾ, 27 ਨਵੰਬਰ:ਨਗਰ ਨਿਗਮ ਦੀਆਂ 30 ਵਾਰਡਾਂ ਵਿੱਚ ਹੋਣ ਵਾਲੀਆਂ ਮੁੜ ਚੋਣਾਂ ਦੇ ਮੱਦੇਨਜ਼ਰ ਪੰਜਾਬ ਰਾਜ ਚੋਣ ਕਮਿਸ਼ਨ ਵੱਲੋਂ ਤਾਇਨਾਤ ਚੋਣ ਆਬਜਰਵਰ ਅਤੇ ਸੀਨੀਅਰ ਆਈ.ਏ.ਐੱਸ. ਅਧਿਕਾਰੀ ਡਾ. ਸੇਨੂ ਦੁੱਗਲ ਦੀ ਨਿਗਰਾਨੀ ਹੇਠ ਅੱਜ ਇਨ੍ਹਾਂ ਚੋਣਾਂ ਲਈ ਸਥਾਪਤ ਕੀਤੇ ਗਏ 123 ਪੋਲਿੰਗ ਬੂਥਾਂ ਦੀਆਂ ਈਵੀਐਮ ਮਸ਼ੀਨਾਂ ਦੀ ਰੈਂਡੇਮਾਈਜੇਸ਼ਨ ਕੀਤੀ ਗਈ। ਇਸ ਮੌਕੇ ਏਡੀਸੀ (ਦਿਹਾਤੀ ਵਿਕਾਸ)-ਕਮ-ਵਧੀਕ ਜ਼ਿਲ੍ਹਾ ਚੋਣ ਅਫ਼ਸਰ ਸ੍ਰੀ ਸੁਨੀਲ ਫੋਗਾਟ, ਐਸ.ਪੀ. ਸਿਟੀ ਸ੍ਰੀ ਮੋਹਿਤ ਅਗਰਵਾਲ, ਰਿਟਰਨਿੰਗ ਅਫ਼ਸਰਾਂ ਅਤੇ ਸਿਆਸੀ ਪਾਰਟੀਆਂ ਦੇ ਨੁਮਾਇੰਦੇ ਮੌਜੂਦ ਸਨ।

ਸ੍ਰੀ ਸੁਨੀਲ ਫੋਗਾਟ ਨੇ ਦੱਸਿਆ ਕਿ 28 ਨਵੰਬਰ 2026 ਨੂੰ ਨਗਰ ਨਿਗਮ ਦੇ ਵਾਰਡ ਨੰਬਰ 1, 4, 6, 12, 14, 15, 16, 22, 26, 29, 32, 33, 34, 36, 37, 38, 40, 41, 43, 44, 45, 46, 48, 50, 51, 52, 53, 55, 57 ਅਤੇ 58 ਵਿੱਚ ਮੁੜ ਚੋਣਾਂ ਕਰਵਾਈਆਂ ਜਾਣਗੀਆਂ। ਇਨ੍ਹਾਂ 30 ਵਾਰਡਾਂ ਵਿੱਚ ਕੁੱਲ 1,49,768 ਵੋਟਰ ਹਨ, ਜਿਨ੍ਹਾਂ ਵਿੱਚ 77,419 ਮਰਦ, 72,338 ਔਰਤਾਂ ਅਤੇ 11 ਤੀਜੇ ਲਿੰਗ ਦੇ ਵੋਟਰ ਸ਼ਾਮਲ ਹਨ।

ਈਵੀਐਮ ਮਸ਼ੀਨਾਂ ਦੀ ਰੈਂਡੇਮਾਈਜੇਸ਼ਨ ਮੌਕੇ ਰਿਟਰਨਿੰਗ ਅਫ਼ਸਰ ਏ.ਐਮ.ਡੀ., ਪੀ.ਆਰ.ਟੀ.ਸੀ. ਸ੍ਰੀ ਇੰਦਰਪਾਲ ਸਿੰਘ, ਸਹਾਇਕ ਰਿਟਰਨਿੰਗ ਅਫ਼ਸਰ ਅਤੇ ਕਾਰਜਕਾਰੀ ਇੰਜੀਨੀਅਰ ਲੋਕ ਨਿਰਮਾਣ ਵਿਭਾਗ ਸ੍ਰੀ ਹਰਪ੍ਰੀਤ ਸਿੰਘ ਕਟਾਰੀਆ, ਰਿਟਰਨਿੰਗ ਅਫ਼ਸਰ ਸ੍ਰੀ ਖੁਸ਼ਦਿਲ ਸਿੰਘ, ਡਿਪਟੀ ਕਮਿਸ਼ਨਰ ਆਬਕਾਰੀ (ਡਿਸਟਿਲਰੀ), ਸਹਾਇਕ ਰਿਟਰਨਿੰਗ ਅਫ਼ਸਰ ਅਤੇ ਕਾਰਜਕਾਰੀ ਇੰਜੀਨੀਅਰ ਲੋਕ ਨਿਰਮਾਣ ਵਿਭਾਗ (ਨੈਸ਼ਨਲ ਹਾਈਵੇ) ਸ੍ਰੀ ਵਨੀਤ ਸਿੰਗਲਾ, ਈਵੀਐਮ ਨੋਡਲ ਅਫ਼ਸਰ ਅਤੇ ਕਾਰਜਕਾਰੀ ਇੰਜੀਨੀਅਰ ਸ੍ਰੀ ਅੰਮ੍ਰਿਤਪਾਲ ਸਿੰਘ, ਜ਼ਿਲ੍ਹਾ ਸੂਚਨਾ ਤੇ ਵਿਗਿਆਨ ਅਫ਼ਸਰ ਸਮੇਤ ਹੋਰ ਅਧਿਕਾਰੀ ਵੀ ਹਾਜ਼ਰ ਸਨ।

PAU ਦੇ ਵਿਦਿਆਰਥੀ ਨੇ ਵੱਕਾਰੀ "ਪ੍ਰੋ. ਪੀ.ਐਸ.ਐਨ. ਸ਼ਾਸਤਰੀ ਬੈਸਟ ਥੀਸਿਸ ਅਵਾਰਡ" ਜਿੱਤ ਕੇ ਮਾਣ ਵਧਾਇਆ

ਵਰਲਡ ਪੰਜਾਬੀ ਟਾਈਮਜ਼



ਲੁਧਿਆਣਾ 27 ਨਵੰਬਰ : ਪੰਜਾਬ ਖੇਤੀਬਾੜੀ ਯੂਨੀਵਰਸਿਟੀ (PAU) ਦੇ 'ਜਲਵਾਯੂ ਪਰਿਵਰਤਨ ਅਤੇ ਖੇਤੀਬਾੜੀ ਮੌਸਮ ਵਿਗਿਆਨ' ਵਿਭਾਗ ਦੇ ਐਮ.ਐਸ.ਸੀ. (M . S c .) ਵਿਦਿਆਰਥੀ, ਜਸਪ੍ਰੀਤ ਸਿੰਘ ਨੂੰ ਖੇਤੀਬਾੜੀ ਮੌਸਮ ਵਿਗਿਆਨ ਦੇ ਖੇਤਰ ਵਿੱਚ ਉਨ੍ਹਾਂ ਦੇ ਸ਼ਾਨਦਾਰ ਖੋਜ ਯੋਗਦਾਨ ਲਈ, 'ਐਸੋਸੀਏਸ਼ਨ ਆਫ਼ ਐਗਰੋਮੀਟੀਓਰੋਲੋਜਿਸਟਸ' (AAM), ਆਨੰਦ (ਭਾਰਤ) ਵੱਲੋਂ ਵੱਕਾਰੀ "ਪ੍ਰੋ. ਪੀ.ਐਸ.ਐਨ. ਸ਼ਾਸਤਰੀ ਬੈਸਟ ਐਮ.ਐਸ.ਸੀ. ਥੀਸਿਸ ਅਵਾਰਡ" ਨਾਲ ਸਨਮਾਨਿਤ ਕੀਤਾ ਗਿਆ ਹੈ।

ਇਹ ਪੁਰਸਕਾਰ ਬੈਂਗਲੁਰੂ ਸਥਿਤ 'ਯੂਨੀਵਰਸਿਟੀ ਆਫ਼ ਐਗਰੀਕਲਚਰਲ ਸਾਇੰਸਿਜ਼' (UAS) ਵਿਖੇ ਆਯੋਜਿਤ 'ਡਿਜੀਟਲ ਖੇਤੀਬਾੜੀ ਲਈ ਐਗਰੋਮੀਟੀਓਰੋਲੋਜੀਕਲ ਇੰਟੈਲੀਜੈਂਸ' (INAGMET-2026) ਬਾਰੇ ਅੰਤਰਰਾਸ਼ਟਰੀ ਕਾਨਫਰੰਸ ਦੌਰਾਨ ਦਿੱਤਾ ਗਿਆ। ਇਸ ਕਾਨਫਰੰਸ ਵਿੱਚ ਦੇਸ਼ ਭਰ ਦੇ ਖੋਜਕਰਤਾਵਾਂ, ਵਿਗਿਆਨੀਆਂ ਅਤੇ ਮਾਹਿਰਾਂ ਨੇ ਹਿੱਸਾ ਲਿਆ, ਜਿਨ੍ਹਾਂ ਨੇ ਖੇਤੀਬਾੜੀ ਮੌਸਮ ਵਿਗਿਆਨ, ਜਲਵਾਯੂ ਵਿਗਿਆਨ ਅਤੇ ਡਿਜੀਟਲ ਖੇਤੀਬਾੜੀ ਦੇ ਖੇਤਰਾਂ ਵਿੱਚ ਹੋਈਆਂ ਨਵੀਨਤਮ ਤਰੱਕੀਆਂ ਬਾਰੇ ਚਰਚਾ ਕੀਤੀ। ਜਸਪ੍ਰੀਤ ਸਿੰਘ ਨੂੰ ਇਹ ਪੁਰਸਕਾਰ ਉਨ੍ਹਾਂ ਦੇ ਐਮ.ਐਸ.ਸੀ. ਥੀਸਿਸ ਲਈ ਮਿਲਿਆ, ਜਿਸਦਾ ਸਿਰਲੇਖ ਸੀ - "ਪੰਜਾਬ ਦੇ ਵੱਖ-ਵੱਖ ਸਥਾਨਾਂ ਲਈ CMIP6 ਮਾਡਲਾਂ ਦੀ ਵਰਤੋਂ ਕਰਦੇ ਹੋਏ ਤਾਪਮਾਨ ਅਤੇ ਵਰਖਾ ਦੇ ਸਥਾਨਿਕ-ਸਮੇਂ ਸੰਬੰਧੀ ਅਨੁਮਾਨ (Spatio-Temporal Projections)"। ਇਹ ਖੋਜ ਕਾਰਜ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਗੁਰਦਾਸਪੁਰ ਸਥਿਤ ਖੇਤਰੀ ਖੋਜ ਕੇਂਦਰ ਦੀ ਖੇਤੀਬਾੜੀ ਮੌਸਮ ਵਿਗਿਆਨੀ, ਡਾ. ਨਵਨੀਤ ਕੌਰ ਦੀ ਅਗਵਾਈ ਹੇਠ ਕੀਤਾ ਗਿਆ ਸੀ। ਇਸ ਅਧਿਐਨ ਵਿੱਚ ਪੰਜਾਬ ਦੇ ਵੱਖ-ਵੱਖ ਸਥਾਨਾਂ 'ਤੇ, ਵੱਖੋ-ਵੱਖਰੇ ਜਲਵਾਯੂ ਹਾਲਾਤਾਂ (scenarios) ਦੇ ਤਹਿਤ CMIP6 ਜਲਵਾਯੂ ਮਾਡਲਾਂ ਦੀ ਵਰਤੋਂ ਕਰਕੇ ਭਵਿੱਖ ਦੇ ਤਾਪਮਾਨ ਅਤੇ ਵਰਖਾ ਦੇ ਅਨੁਮਾਨਾਂ ਦਾ ਮੁਲਾਂਕਣ ਕੀਤਾ ਗਿਆ। ਇਸ ਤੋਂ ਇਲਾਵਾ, ਇਹ ਅਧਿਐਨ ਜਲਵਾਯੂ-ਅਨੁਕੂਲ ਖੇਤੀਬਾੜੀ ਯੋਜਨਾਬੰਦੀ ਲਈ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਦਾ ਹੈ। ਇਹ ਖੋਜ ਕਾਰਜ ਬੱਲੋਵਾਲ ਸੌਖੜੀ ਸਥਿਤ ਖੇਤਰੀ ਖੋਜ ਕੇਂਦਰ ਵਿਖੇ ਕੀਤਾ ਗਿਆ ਸੀ, ਜਿਸਦਾ ਮੁੱਖ ਉਦੇਸ਼ ਭਵਿੱਖ ਦੇ ਜਲਵਾਯੂ ਜੋਖਮਾਂ ਨੂੰ ਸਮਝਣਾ ਅਤੇ ਪੰਜਾਬ ਵਿੱਚ ਟਿਕਾਊ ਖੇਤੀਬਾੜੀ ਯੋਜਨਾਬੰਦੀ ਵਿੱਚ ਸਹਾਇਤਾ ਕਰਨਾ ਸੀ।

ਇਸ ਥੀਸਿਸ ਦੀ ਇਸਦੇ ਵਿਗਿਆਨਕ ਮਹੱਤਵ, ਉੱਨਤ ਜਲਵਾਯੂ ਮਾਡਲਿੰਗ ਤਕਨੀਕਾਂ ਦੀ ਵਰਤੋਂ, ਅਤੇ ਖੇਤੀਬਾੜੀ ਵਿੱਚ ਭਵਿੱਖ ਦੇ ਜਲਵਾਯੂ ਜੋਖਮਾਂ ਨੂੰ ਸਮਝਣ ਵਿੱਚ ਪਾਏ ਗਏ ਯੋ ਉਨ੍ਹਾਂ ਨੇ ਜਲਵਾਯੂ-ਅਨੁਕੂਲ ਖੇਤੀਬਾੜੀ ਦੇ ਖੇਤਰ ਵਿੱਚ ਇਸ ਖੋਜ ਦੇ ਮਹੱਤਵਪੂਰਨ ਯੋਗਦਾਨ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਦੇ ਭਵਿੱਖ ਦੇ ਖੋਜ ਕਾਰਜਾਂ ਵਿੱਚ ਨਿਰੰਤਰ ਸਫਲਤਾ ਦੀ ਕਾਮਨਾ ਕੀਤੀ।

8ਵੀਂ ਵਿਸ਼ਵ ਪੰਜਾਬੀ ਕਾਨਫਰੰਸ ਵਿੱਚ ਡਾ. ਦਲਬੀਰ ਸਿੰਘ ਕਥੂਰੀਆ ਦਾ ਵਿਸ਼ੇਸ਼ ਸਨਮਾਨ, ਨਵੰਬਰ 2027 ਵਿੱਚ ਪਾਕਿਸਤਾਨ ਦੇ ਵੱਖ-ਵੱਖ ਸ਼ੁਬਿਆਂ ਵਿੱਚ ਪੰਜਾਬੀ ਕਾਨਫਰੰਸਾਂ ਕਰਵਾਉਣ ਦਾ ਐਲਾਨ

ਵਰਲਡ ਪੰਜਾਬੀ ਟਾਈਮਜ਼
ਬਲਵਿੰਦਰ 'ਬਾਲਮ' ਗੁਰਦਾਸਪੁਰ



ਲੁਧਿਆਣਾ 27 ਨਵੰਬਰ : ਪੰਜਾਬੀ ਮਾਂ-ਬੋਲੀ, ਸਾਹਿਤ ਅਤੇ ਸੱਭਿਆਚਾਰਕ ਸਾਂਝ ਨੂੰ ਸਰਹੱਦਾਂ ਤੋਂ ਪਾਰ ਮਜ਼ਬੂਤ ਕਰਨ ਲਈ ਵਿਸ਼ੇਸ਼ ਉਪਰਾਲਾ ਪਾਕਿਸਤਾਨ ਦੇ ਲਾਹੌਰ ਵਿਖੇ ਆਯੋਜਿਤ 8ਵੀਂ ਵਿਸ਼ਵ ਪੰਜਾਬੀ ਕਾਨਫਰੰਸ ਦੌਰਾਨ ਵਿਸ਼ਵ ਪੰਜਾਬੀ ਸਭਾ ਕੈਨੇਡਾ ਦੇ ਚੇਅਰਮੈਨ ਡਾ. ਦਲਬੀਰ ਸਿੰਘ ਕਥੂਰੀਆ ਨੂੰ ਵਿਸ਼ੇਸ਼ ਤੌਰ 'ਤੇ ਸ਼ਿਰਕਤ ਕੀਤੀ। ਇਸ ਮੌਕੇ ਪੰਜਾਬ ਦੇ ਘੱਟ ਗਿਣਤੀ ਮਾਮਲਿਆਂ ਬਾਰੇ ਮੰਤਰੀ ਸਰਦਾਰ ਰਮੇਸ਼ ਸਿੰਘ ਅਰੜਾ ਵੱਲੋਂ ਡਾ. ਕਥੂਰੀਆ ਦਾ ਸਨਮਾਨ ਕੀਤਾ ਗਿਆ।

ਇਸ ਕਾਨਫਰੰਸ ਵਿੱਚ ਵੱਖ-ਵੱਖ ਦੇਸ਼ਾਂ ਤੋਂ ਪਹੁੰਚੇ ਵਿਦਵਾਨਾਂ, ਲੇਖਕਾਂ, ਸਾਹਿਤਕਾਰਾਂ ਅਤੇ ਪੰਜਾਬੀ ਭਾਸ਼ਾ ਦੇ ਪ੍ਰੇਮੀਆਂ ਨੇ ਪੰਜਾਬੀ ਮਾਂ-ਬੋਲੀ ਦੀ ਤਰੱਕੀ, ਸਾਹਿਤਕ ਵਿਰਾਸਤ, ਸੱਭਿਆਚਾਰਕ ਏਕਤਾ ਅਤੇ ਦੇਵਾਂ ਪੰਜਾਬਾਂ ਵਿਚਕਾਰ ਆਪਸੀ ਸਾਂਝ ਨੂੰ ਹੋਰ ਮਜ਼ਬੂਤ ਕਰਨ ਸਬੰਧੀ ਵਿਚਾਰ ਸਾਂਝੇ ਕੀਤੇ।

ਇਸ ਦੌਰਾਨ ਡਾ. ਦਲਬੀਰ ਸਿੰਘ ਕਥੂਰੀਆ ਨੇ ਆਪਣੇ ਪਾਕਿਸਤਾਨ ਦੌਰੇ ਦੌਰਾਨ ਸਿੱਖ ਧਰਮ ਦੇ ਪਵਿੱਤਰ ਅਸਥਾਨ ਸ੍ਰੀ ਨਨਕਾਣਾ ਸਾਹਿਬ ਸਮੇਤ ਪਾਕਿਸਤਾਨ ਦੇ ਹੋਰਨਾਂ ਸ਼ਹਿਰਾਂ ਅਤੇ ਇਤਿਹਾਸਕ ਸਥਾਨਾਂ ਦਾ ਦੌਰਾ ਵੀ ਕੀਤਾ। ਉਨ੍ਹਾਂ ਨੇ ਉੱਥੇ ਦੇ ਪੰਜਾਬੀ ਭਾਸ਼ਾ ਅਤੇ ਸੱਭਿਆਚਾਰ ਨਾਲ ਜੁੜੇ ਪ੍ਰੇਮੀਆਂ, ਸਾਹਿਤਕਾਰਾਂ ਅਤੇ ਸਮਾਜਿਕ ਸ਼ਖ਼ਸੀਅਤਾਂ ਨਾਲ ਮੁਲਾਕਾਤਾਂ ਕਰਕੇ ਪੰਜਾਬੀ ਮਾਂ-ਬੋਲੀ ਦੇ ਪ੍ਰਚਾਰ ਅਤੇ ਪ੍ਰਸਾਰ ਬਾਰੇ ਵਿਚਾਰ-ਵਟਾਂਦਰਾ ਕੀਤਾ।

ਨਵੰਬਰ 2027 ਵਿੱਚ ਪਾਕਿਸਤਾਨ ਦੇ ਵੱਖ-ਵੱਖ ਸ਼ੁਬਿਆਂ ਵਿੱਚ ਹੋਣਗੀਆਂ ਪੰਜਾਬੀ ਕਾਨਫਰੰਸਾਂ

ਇਸ ਮੌਕੇ ਡਾ. ਦਲਬੀਰ ਸਿੰਘ ਕਥੂਰੀਆ ਨੇ ਇੱਕ ਅਹਿਮ ਐਲਾਨ ਕਰਦਿਆਂ ਦੱਸਿਆ ਕਿ ਨਵੰਬਰ 2027 ਵਿੱਚ ਪਾਕਿਸਤਾਨ ਦੇ ਵੱਖ-ਵੱਖ ਸ਼ੁਬਿਆਂ ਵਿੱਚ ਪੰਜਾਬੀ ਕਾਨਫਰੰਸਾਂ ਕਰਵਾਉਣ ਦੀ ਯੋਜਨਾ ਬਣਾਈ ਜਾ ਰਹੀ ਹੈ। ਇਨ੍ਹਾਂ ਕਾਨਫਰੰਸਾਂ ਦਾ ਆਯੋਜਨ ਉੱਥੋਂ ਦੀਆਂ ਵੱਖ-ਵੱਖ ਸੂਬਾਈ ਸੰਸਥਾਵਾਂ ਅਤੇ ਪੰਜਾਬੀ ਮਾਂ-ਬੋਲੀ ਦੇ ਪ੍ਰੇਮੀਆਂ ਦੇ ਸਹਿਯੋਗ ਨਾਲ ਕੀਤਾ ਜਾਵੇਗਾ।

ਉਨ੍ਹਾਂ ਕਿਹਾ ਕਿ ਇਸ ਉਪਰਾਲੇ ਦਾ ਮੁੱਖ ਮਕਸਦ ਪੰਜਾਬੀ ਭਾਸ਼ਾ, ਸਾਹਿਤ, ਸੱਭਿਆਚਾਰ ਅਤੇ ਵਿਰਾਸਤ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣਾ ਅਤੇ ਦੁਨੀਆ ਭਰ ਵਿੱਚ ਵੱਸਦੇ ਪੰਜਾਬੀਆਂ ਨੂੰ ਇੱਕ ਸਾਂਝੇ ਮੰਚ 'ਤੇ ਇਕੱਠਾ ਕਰਨਾ ਹੈ।


ਡਾ. ਕਥੂਰੀਆ ਨੇ ਕਿਹਾ ਕਿ ਪੰਜਾਬੀ ਮਾਂ-ਬੋਲੀ ਦੇਵਾਂ ਪੰਜਾਬਾਂ ਦੀ ਸਾਂਝੀ ਪਛਾਣ ਹੈ। ਇਸ ਭਾਸ਼ਾ ਰਾਹੀਂ ਪਿਆਰ, ਭਾਈਚਾਰੇ, ਮਨੁੱਖਤਾ ਅਤੇ ਅਮਨ-ਸ਼ਾਂਤੀ ਦਾ ਸੰਦੇਸ਼ ਦੁਨੀਆ ਭਰ ਵਿੱਚ ਪਹੁੰਚਾਇਆ ਜਾ ਸਕਦਾ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਆਉਣ ਵਾਲੇ ਸਮੇਂ ਵਿੱਚ ਅਜਿਹੇ ਸਾਹਿਤਕ ਅਤੇ ਸੱਭਿਆਚਾਰਕ ਉਪਰਾਲੇ ਭਾਰਤ ਅਤੇ ਪਾਕਿਸਤਾਨ ਦੇ ਪੰਜਾਬੀ ਪ੍ਰੇਮੀਆਂ ਵਿਚਕਾਰ ਸਾਂਝ ਨੂੰ ਹੋਰ ਗੂੜ੍ਹਾ ਕਰਨਗੇ।

ਪੀ.ਏ.ਯੂ. ਵਿਖੇ ਤਿੰਨ ਰੋਜ਼ਾ ਭਾਰਤੀ ਗ੍ਰਹਿ ਵਿਗਿਆਨ ਐਸੋਸੀਏਸ਼ਨ ਦੀ 36ਵੀਂ ਦੋ ਸਾ

ਵਰਲਡ ਪੰਜਾਬੀ ਟਾਈਮਜ਼ 27 ਨਵੰਬਰ 2026 ਦਿਨ ਸ਼ੁੱਕਰਵਾਰ

ਰਾਹ ਭਾਵੇਂ ਹਜ਼ਾਰ ਹੋਣ ਪਰ ਮੰਜ਼ਿਲ ਇੱਕ ਹੋਵੇ...





ਪਿੰਡ ਵਿੱਚ ਜਦੋਂ ਕੋਈ ਸਾਂਝਾ ਕੰਮ ਪੈਂਦਾ ਹੈ ਤਾਂ ਕੋਈ ਆਪਣੇ ਘਰੋਂ ਸੰਦ ਲੈ ਆਉਂਦਾ ਹੈ, ਕੋਈ ਟਰੈਕਟਰ ਲੈ ਆਉਂਦਾ ਹੈ ਤੇ ਕੋਈ ਆ ਕੇ ਹੱਥ ਵਟਾ ਦਿੰਦਾ ਹੈ। ਜੀਹਦੇ ਕੋਲ ਜੋ ਹੁੰਦਾ ਹੈ, ਉਹ ਲੈ ਕੇ ਆ ਜਾਂਦਾ ਹੈ। ਇੰਝ ਸਾਰਿਆਂ ਦੇ ਹੱਥ ਲੱਗਣ ਨਾਲ ਕੰਮ ਸਿਰੇ ਚੜ੍ਹਦਾ ਹੈ। ਪੰਥ ਦੀ ਸੇਵਾ ਦੀ ਗੱਲ ਵੀ ਇਹੋ ਜਿਹੀ ਹੈ। ਖ਼ਾਲਸਾ ਪੰਥ ਦੀ ਚੜ੍ਹਦੀ ਕਲਾ ਲਈ ਸਾਡੇ ਕੋਲ ਹਜ਼ਾਰਾਂ ਫਰੰਟ ਹੋਣੇ ਚਾਹੀਦੇ ਹਨ। ਜਿੰਨੇ ਵੱਧ ਹਾਰ ਹੋਣਗੇ, ਓਨੇ ਵੱਧ ਸਿੱਖਾਂ ਨੂੰ ਕੌਮ ਦੇ ਕੰਮ ਵਿੱਚ ਆਪਣਾ ਹਿੱਸਾ ਪਾਉਣ ਦਾ ਮੌਕਾ ਮਿਲੇਗਾ।

ਹਰ ਸਿੱਖ ਨੂੰ ਸੇਵਾ ਦਾ ਰਾਹ ਮਿਲੇ। ਜੀਹਨੂੰ ਜਿਹੜਾ ਆਗੂ ਜਚਦਾ ਹੈ, ਉਹ ਉਸ ਨਾਲ ਤੁਰੇ। ਜੀਹਨੂੰ ਕਿਸੇ ਜਥੇਬੰਦੀ ਦਾ ਕੰਮ ਚੰਗਾ ਲੱਗਦਾ ਹੈ, ਉਹ ਉਸ ਨਾਲ ਜੁੜੇ। ਹਰ ਕਿਸੇ ਦਾ ਸੁਭਾਅ ਆਪਣਾ ਹੈ ਤੇ ਹਰ ਕਿਸੇ ਕੋਲ ਆਪਣਾ ਕੋਈ ਹੁਨਰ ਹੈ। ਜਦੋਂ ਬੰਦੇ ਨੂੰ ਉਹ ਕੰਮ ਮਿਲੇ ਜਿਹੜਾ ਉਹਨੂੰ ਆਉਂਦਾ ਵੀ ਹੋਵੇ ਤੇ ਜੀਅ ਨੂੰ ਜਚਦਾ ਵੀ ਹੋਵੇ, ਉਹ ਉਸ ਕੰਮ ਵਿੱਚ ਆਪਣਾ ਪੂਰਾ ਜ਼ੋਰ ਲਾਉਂਦਾ ਹੈ।

ਹੁਣ ਜੇ ਸਾਡੇ ਕੋਲ ਇੱਕੋ ਆਗੂ ਹੋਵੇ, ਇੱਕੋ ਜਥੇਬੰਦੀ ਹੋਵੇ ਤੇ ਕੰਮ ਕਰਨ ਦਾ ਢੰਗ ਵੀ ਇੱਕੋ ਹੋਵੇ, ਤਾਂ ਜੀਹਨੂੰ ਉਹ ਆਗੂ ਅਤੇ ਢੰਗ ਜਚਦਾ ਹੀ ਨਾ ਹੋਵੇ, ਉਹ ਸਿੱਖ ਕਿੱਧਰ ਜਾਊ ? ਹੋ ਸਕਦਾ ਉਹਦੇ ਮਨ ਵਿੱਚ ਵੀ ਕੌਮ ਦੀ ਸੇਵਾ ਦਾ ਓਨਾ ਹੀ ਚਾਅ ਹੋਵੇ। ਹੋ ਸਕਦਾ ਜਿਹੜਾ ਕੰਮ ਸਾਡੇ ਕੋਲੋਂ ਅਜੇ ਤਕ ਨਹੀਂ ਹੋਇਆ, ਉਹ ਉਸ ਨੂੰ ਕਰਨਾ ਆਉਂਦਾ ਹੋਵੇ। ਉਹਦੇ ਅੱਗੇ ਵੀ ਕੋਈ ਰਾਹ ਹੋਣਾ ਚਾਹੀਦਾ ਹੈ। ਜੇ ਉਹਨੂੰ ਕਿਸੇ ਹੋਰ ਜਥੇਬੰਦੀ ਵਿੱਚ ਆਪਣੀ ਥਾਂ ਲੱਭਦੀ ਹੈ ਤਾਂ ਉਹ ਓਥੇ ਜਾ ਕੇ ਕੰਮ ਕਰੇ ਤੇ ਪੰਥ ਓਹਦੀ ਸੇਵਾ ਦੀ ਕਦਰ ਕਰੇ।

ਕੋਈ ਅਕਾਦਮਿਕ ਖੇਤਰ ਵਿੱਚ ਪੜ੍ਹਾਈ ਤੇ ਖੋਜ ਦਾ ਕੰਮ ਕਰੇ, ਕੋਈ ਸਿੱਖੀ ਦਾ ਪ੍ਰਚਾਰ ਕਰੇ ਤੇ ਕੋਈ ਕੌਮੀ ਸੰਘਰਸ਼ ਦੀ ਗੱਲ ਲੋਕਾਂ ਤੱਕ ਲੈ ਕੇ ਜਾਵੇ। ਜੀਹਨੂੰ ਬੋਲਣਾ ਆਉਂਦਾ ਹੈ, ਉਹ ਸੰਗਤਾਂ ਵਿੱਚ ਬੋਲੇ। ਜੀਹਨੂੰ ਲਿਖਣਾ ਆਉਂਦਾ ਹੈ, ਉਹ ਲਿਖ ਕੇ ਆਪਣੀ ਸੇਵਾ ਨਿਭਾਵੇ। ਕੋਈ ਸਿੱਖ ਵਿਰਾਸਤ ਸੰਭਾਲੇ, ਕੋਈ ਬੱਚਿਆਂ ਨੂੰ ਗੁਰਬਾਣੀ ਅਤੇ ਸਿੱਖ ਇਤਿਹਾਸ ਪੜ੍ਹਾਵੇ ਤੇ ਕੋਈ ਨੌਜਵਾਨਾਂ ਨੂੰ ਗਤਕੇ ਰਾਹੀਂ ਸ਼ਸਤਰ ਵਿੱਦਿਆ ਨਾਲ ਜੋੜੇ। ਕੋਈ ਪੰਜਾਬੀ ਬੋਲੀ ਦੀ ਸੇਵਾ ਕਰੇ, ਕੋਈ ਨਸ਼ਿਆਂ ਦੀ ਮਾਰ ਝੱਲ ਰਹੇ ਘਰਾਂ ਦੀ ਬਾਂਹ ਫੜੇ। ਕੋਈ ਬੰਦੀ ਸਿੰਘਾਂ ਦੀ ਰਿਹਾਈ ਲਈ ਬੋਲੇ ਤੇ ਕੋਈ ਪੰਜਾਬ ਦੇ ਪਾਣੀਆਂ ਤੇ ਹੋਰ ਹੱਕਾਂ ਲਈ ਆਵਾਜ਼ ਚੁੱਕੇ। ਹੋਰ ਵੀ ਬਥੇਰੇ ਕੰਮ ਪਏ ਨੇ। ਹਰ ਪਿੰਡ-ਸ਼ਹਿਰ ਵਿੱਚ ਵੱਸਦਾ ਸਿੱਖ ਵੀ ਆਪਣਾ ਹਿੱਸਾ ਪਾ ਸਕਦਾ ਹੈ ਤੇ ਪਰਦੇਸ ਵਿੱਚ ਬੈਠਾ ਸਿੱਖ ਵੀ।ਨਵੀਂ ਭਾਸ਼ਾ ਸਿੱਖੇ

ਜਥੇ ਵੱਖਰੇ ਹੋਣ ਦੇ ਬਾਵਜੂਦ ਵੀ ਸਾਂਝ ਪੂਰੀ ਬਣੀ ਰਹੇ। ਅਸੀਂ ਆਪੇ-ਆਪਣੀ ਜਥੇਬੰਦੀ ਵਿੱਚ ਰਹਿ ਕੇ ਵੀ ਪੰਥ ਦੇ ਸਾਂਝੇ ਮਸਲਿਆਂ ਉੱਤੇ ਇਕੱਠੇ ਖੜ੍ਹ ਸਕਦੇ ਹਾਂ। ਕਿਸੇ ਗੱਲ ਉੱਤੇ ਸਾਡੀ ਰਾਇ ਵੱਖਰੀ ਹੋਵੇ ਤਾਂ ਬੈਠ ਕੇ ਇੱਕ-ਦੂਜੇ ਦੀ ਗੱਲ ਸੁਣ ਲਈਏ। ਹੋ ਸਕਦਾ ਜਿਹੜੀ ਗੱਲ ਸਾਡੇ ਧਿਆਨ ਵਿੱਚ ਨਾ ਆਈ ਹੋਵੇ, ਉਹ ਦੂਜੀ ਧਿਰ ਨੇ ਦੇਖੀ ਹੋਵੇ। ਆਪਸ ਵਿੱਚ ਗੱਲਬਾਤ ਰਹੇਗੀ ਤਾਂ ਸਾਂਝੇ ਕੰਮ ਵੇਲੇ ਇਕੱਠੇ ਹੋਣਾ ਵੀ ਸੌਖਾ ਰਹੇਗਾ। ਆਪਣੀ ਜਥੇਬੰਦੀ ਨਾਲ ਜਿੰਨਾ ਪਿਆਰ ਹੈ, ਓਨੀ ਹੀ ਕਦਰ ਦੂਜੀਆਂ ਜਥੇਬੰਦੀਆਂ ਦੀ ਵੀ ਕਰੀਏ।

ਮੰਨ ਲਓ ਕਿਸੇ ਸਾਂਝੇ ਕੌਮੀ ਮਸਲੇ ਉੱਤੇ ਇਕੱਠ ਦਾ ਸੱਦਾ ਕਿਸੇ ਹੋਰ ਜਥੇਬੰਦੀ ਨੇ ਦਿੱਤਾ। ਜੇ ਗੱਲ ਸਾਰੇ ਪੰਥ ਦੀ ਹੈ ਤਾਂ ਸੱਦਾ ਦੇਣ ਵਾਲੇ ਦਾ ਨਾਂ ਵੇਖ ਕੇ ਪਿੱਛੇ ਕਿਉਂ ਹਟੀਏ ? ਅਸੀਂ ਵੀ ਜਾਈਏ, ਆਪਣੀ ਗੱਲ ਰੱਖੀਏ ਤੇ ਜਿੱਥੇ ਸਹਿਮਤੀ ਬਣੇ, ਰਲ ਕੇ ਕੰਮ ਕਰੀਏ। ਕਿਸੇ ਹੋਰ ਧਿਰ ਨੇ ਚੰਗਾ ਕੰਮ ਕੀਤਾ ਹੈ ਤਾਂ ਖੁੱਲ੍ਹੇ ਦਿਲ ਨਾਲ ਓਹਦੀ ਹਮਾਇਤ ਕਰੀਏ। ਪੰਥਕ ਸਾਂਝ ਇੰਝ ਹੀ ਬਣਦੀ ਹੈ।


ਜਿਹੜਾ ਕੰਮ ਇੱਕ ਜਥੇਬੰਦੀ ਆਪਣੇ ਪੱਧਰ ਉੱਤੇ ਕਰ ਸਕਦੀ ਹੈ, ਉਹ ਕਰਦੀ ਰਹੇ। ਜਿੱਥੇ ਸਾਰਿਆਂ ਦੀ ਆਵਾਜ਼ ਦੀ ਲੋੜ ਪਵੇ, ਓਥੇ ਸਾਰੇ ਰਲ ਕੇ ਬੋਲੀਏ। ਆਪਸੀ ਰੌਲੇ ਵਿੱਚ ਕੌਮ ਦਾ ਮਸਲਾ ਪਿੱਛੇ ਪੈ ਗਿਆ ਤਾਂ ਘਾਟਾ ਸਾਰਿਆਂ ਨੂੰ ਪੈਣਾ ਹੈ। ਇਸ ਕਰਕੇ ਜਦੋਂ ਪੰਥ ਤੇ ਪੰਜਾਬ ਦੀ ਸਾਂਝੀ ਗੱਲ ਆਵੇ, ਅਸੀਂ ਆਪਣੀਆਂ ਜਥੇਬੰਦੀਆਂ ਦੀਆਂ ਹੱਦਾਂ ਤੋਂ ਉੱਪਰ ਉੱਠ ਕੇ ਇੱਕ-ਦੂਜੇ ਦੇ ਨਾਲ ਖੜ੍ਹੀਏ।

ਆਪਣਾ ਨਿਸ਼ਾਨਾ ਚੇਤੇ ਰੱਖੀਏ। ਸਾਡਾ ਨਿਸ਼ਾਨਾ ਗੁਰੂ ਸਾਹਿਬਾਨਾਂ ਦੇ ਸਿਧਾਂਤ ਉੱਤੇ ਪਹਿਰਾ ਦੇਣਾ, ਪੰਥ ਤੇ ਪੰਜਾਬ ਦੇ ਹੱਕਾਂ-ਹਿੱਤਾਂ ਅਤੇ ਅਜ਼ਾਦੀ ਲਈ ਜੂਝਣਾ, ਜ਼ੁਲਮ ਦੇ ਖ਼ਿਲਾਫ਼ ਡਟਣਾ ਤੇ ਸਰਬੱਤ ਦਾ ਭਲਾ ਕਰਨਾ ਹੈ। ਜੀਹਦੇ ਨਾਲ ਧੱਕਾ ਹੋਵੇ, ਉਹਦੇ ਹੱਕ ਵਿੱਚ ਬੋਲੀਏ। ਜੀਹਨੂੰ ਮਦਦ ਦੀ ਲੋੜ ਹੋਵੇ, ਉਹਦੀ ਬਾਂਹ ਫੜੀਏ। ਆਪਣੇ ਹੱਕਾਂ ਦੀ ਗੱਲ ਕਰਦਿਆਂ ਦੂਜਿਆਂ ਦੇ ਹੱਕਾਂ ਦੀ ਵੀ ਕਦਰ ਕਰੀਏ। ਸਰਕਾਰਾਂ ਅੱਗੇ ਨਾ ਝੁਕੀਏ, ਨਾ ਵਿਕੀਏ। ਹਮੇਸ਼ਾਂ ਨਿਰਭਉ ਅਤੇ ਨਿਰਵੈਰ ਹੋ ਕੇ ਰਹੀਏ। ਬਾਗ਼ੀ ਜਾਂ ਬਾਦਸ਼ਾਹ ਦਾ ਸਿਧਾਂਤ ਚੇਤੇ ਰੱਖੀਏ।

ਹਰ ਸਿੱਖ ਕੇਲ ਕੌਮ ਦੀ ਸੇਵਾ ਕਰਨ ਦਾ ਰਾਹ ਹੋਵੇ, ਕੋਈ ਵੀ ਸਿੱਖ ਹੱਥ 'ਤੇ ਹੱਥ ਧਰ ਕੇ ਨਾ ਬੈਠੇ। ਹਰ ਸਿੱਖ ਗੁਣੀ, ਗਿਆਨੀ, ਕਾਰਜਸ਼ੀਲ ਅਤੇ ਸੰਘਰਸ਼ਸ਼ੀਲ ਹੋਵੇ। ਜਿਹੜਾ ਜੀਹਦੇ ਨਾਲ ਤੁਰਨਾ ਚਾਹੁੰਦਾ ਹੈ, ਉਹਦੇ ਨਾਲ ਤੁਰੇ ਤੇ ਜਿਹੜਾ ਕੰਮ ਉਹਦੇ ਵੱਸ ਦਾ ਹੈ, ਉਹ ਕਰੇ। ਸਾਂਝੇ ਕੌਮੀ ਮਸਲਿਆਂ ਉੱਤੇ ਅਸੀਂ ਸਾਰੇ ਇਕੱਠੇ ਹੋਈਏ। ਸਾਡੇ ਰਾਹ ਭਾਵੇਂ ਹਜ਼ਾਰ ਹੋਣ, ਮੰਜ਼ਿਲ ਆਪਣੀ ਇੱਕੋ ਹੋਵੇ।


ਆਈ.ਟੀ.ਆਈਜ ਦੇ ਗੈਸਟ ਫੈਕਲਟੀ/ਕੰਟਰੈਕਟ ਇੰਸਟਰਕਟਰਾਂ ਵੱਲੋਂ ਨੰਗਲ ਵਿਖੇ 5 ਦਸੰਬਰ ਨੂੰ ਰੋਸ ਪ੍ਰਦਰਸ਼ਨ ਅਤੇ ਧਰਨਾ ਦੇਣ ਦਾ ਐਲਾਨ


ਵਰਲਡ ਪੰਜਾਬੀ ਟਾਈਮਜ਼



ਕੋਟਕਪੂਰਾ, 27 ਨਵੰਬਰ : ਅੱਜ ਆਲ ਪੰਜਾਬ ਡੀ ਐਸ ਟੀ ਸੀ ਟੀ ਐਸ ਕੰਟਰੈਕਟ ਇੰਸਟਰਕਟਰ ਯੂਨੀਅਨ ਪੰਜਾਬ ਦੇ ਮੈਂਬਰਾਂ ਦੀ ਮੀਟਿੰਗ ਹੋਈ ਜਿਸ ਦੌਰਾਨ ਉਹਨਾਂ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਦੱਸਿਆ ਕਿ ਪੰਜਾਬ ਦੀਆਂ ਸਰਕਾਰੀ ਉਦਯੋਗਿਕ ਸਿਖਲਾਈ ਸੰਸਥਾਵਾਂ ਵਿੱਚ ਡੀ.ਐੱਸ.ਟੀ. ਅਤੇ ਸੀ.ਟੀ.ਐੱਸ. ਸਕੀਮਾਂ ਅਧੀਨ ਕੰਮ ਕਰ ਰਹੇ ਗੈਸਟ ਫੈਕਲਟੀ ਇੰਸਟ੍ਰਕਟਰਾਂ (ਠੇਕਾ ਆਧਾਰਿਤ) ਨੇ ਲੰਮੇ ਸਮੇਂ ਤੋਂ ਲਟਕਦੀਆਂ ਆਪਣੀਆਂ ਹੱਕੀ ਮੰਗਾਂ ਨੂੰ ਲੈ ਕੇ ਸੰਘਰਸ਼ ਤੇਜ਼ ਕਰਨ ਦਾ ਐਲਾਨ ਕੀਤਾ ਹੈ। ਯੂਨੀਅਨ ਦੇ ਆਗੂਆਂ ਅਨੁਸਾਰ, ਉਹ ਲਗਭਗ ਸਾਢੇ ਚਾਰ ਸਾਲਾਂ ਤੋਂ ਆਪਣੀਆਂ ਮੰਗਾਂ ਲਈ ਸੰਘਰਸ਼ ਕਰ ਰਹੇ ਹਨ। ਇਸ ਸਬੰਧੀ ਸਰਕਾਰ ਅਤੇ ਵਿਭਾਗ ਦੇ ਉੱਚ ਅਧਿਕਾਰੀਆ ਨਾਲ ਕਈ ਮੀਟਿੰਗਾਂ ਹੋ ਚੁੱਕੀਆਂ ਹਨ, ਜਿਨ੍ਹਾਂ ਵਿੱਚ 5 ਅਕਤੂਬਰ 2026 ਨੂੰ ਸਬ-ਕਮੇਟੀ ਦੇ ਇੰਚਾਰਜ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਨਾਲ ਮੁੱਖ ਸਕੱਤਰੇਤ ਚੰਡੀਗੜ੍ਹ ਵਿਖੇ ਹੋਈ ਮੀਟਿੰਗ ਦੌਰਾਨ ਮੰਗਾਂ ਜਲਦ ਪੂਰੀਆਂ ਕਰਨ ਦਾ ਭਰੋਸਾ ਵੀ ਦਿੱਤਾ ਗਿਆ ਸੀ। ਹਾਲਾਂਕਿ, ਇੰਨਾ ਸਮਾਂ ਬੀਤ ਜਾਣ ਅਤੇ ਭਰੋਸਿਆਂ ਦੇ ਬਾਵਜੂਦ ਅੱਜ ਤੱਕ ਨਾ ਤਾਂ ਕੋਈ ਠੋਸ ਹੱਲ ਨਿਕਲਿਆ ਹੈ ਅਤੇ ਨਾ ਹੀ ਕੋਈ ਨੋਟੀਫਿਕੇਸ਼ਨ ਜਾਰੀ ਹੋਇਆ ਹੈ, ਜਿਸ ਕਾਰਨ ਇੰਸਟ੍ਰਕਟਰਾਂ ਵਿੱਚ ਭਾਰੀ ਰੋਸ ਪਾਇਆ ਜਾ ਰਿਹਾ ਹੈ ਯੂਨੀਅਨ ਆਗੂਆਂ ਨੇ ਦੱਸਿਆ ਕਿ ਅਸੀ ਆਪਣੀਆਂ ਮੰਗਾਂ ਸਬੰਧੀ ਬਹੁਤ ਵਾਰ ਮੁੱਖ ਮੰਤਰੀ ਸਾਹਿਬ ਨਾਲ, ਵਿੱਤ ਮੰਤਰੀ ਸ੍ਰੀ ਹਰਪਾਲ ਸਿੰਘ ਚੀਮਾ ਜੀ ਨਾਲ ਤਕਨੀਕੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਜੀ ਨਾਲ ਅਤੇ ਹੋਰ ਮੰਤਰੀ ਸਹਿਬਾਨਾਂ ਨਾਲ ਬਹੁਤ ਵਾਰ ਮੀਟਿੰਗ ਕਰ ਚੁੱਕੇ ਹਾਂ ਪਰ ਸਾਡੀਆਂ ਮੰਗਾ ਮੰਨਣ ਸਬੰਧੀ ਸਰਕਾਰ ਵਲੋ ਕੋਈ ਕਾਰਵਾਈ ਨਹੀਂ ਕੀਤੀ ਗਈ ਪੰਜਾਬ ਦੀਆਂ ਆਈ.ਟੀ. ਆਈਜ.ਵਿੱਚ ਕੰਮ ਕਰਦੇ ਗੈਸਟ ਫੈਕਲਟੀ ਕੱਚੇ ਇੰਸਟਰਕਟਰਾ ਦੇ ਭਵਿੱਖ ਨੂੰ ਲੈ ਕੇ ਸਰਕਾਰ ਗੰਭੀਰ ਨਹੀਂ ਹੈ, ਵਾਰ ਵਾਰ ਮੀਟਿੰਗ ਵਿੱਚ ਸਾਡੀਆਂ ਮੰਗਾਂ ਸਬੰਧੀ ਜਿਵੇਂ ਕਿ ਬੇਸਿਕ ਤਨਖਾਹ 'ਤੇ ਲੈ ਕੇ ਵਿਭਾਗ ਅਧੀਨ ਕਰਨਾ ਅਤੇ ਸੇਵਾ ਸੁਰੱਖਿਆ ਸਬੰਧੀ ਸਾਨੂੰ ਬਹੁਤ ਲੰਮੇ ਸਮੇਂ ਤੋਂ ਸਰਕਾਰ ਵੱਲੋਂ ਵਾਅਦਾ ਕਰਨ ਦੇ ਬਾਵਜੂਦ ਵੀ ਲਾਰਾ ਲਗਾਇਆ ਜਾ ਰਿਹਾ ਹੈ। ਜਿਸ ਕਰਕੇ ਯੂਨੀਅਨ ਵੱਲੋਂ ਇਹ ਫੈਸਲਾ ਕੀਤਾ ਗਿਆ ਹੈ ਕਿ ਜੇਕਰ ਸਰਕਾਰ ਵੱਲੋ ਜਦੋਂ ਤੱਕ ਸਾਡੀਆਂ ਜਾਇਜ਼ ਮੰਗਾਂ ਨੂੰ ਪੂਰਾ ਕਰਨ ਲਈ ਕੋਈ ਪੱਤਰ ਜਾਰੀ ਨਹੀਂ ਕੀਤਾ ਜਾਂਦਾ ਤਾਂ ਪੂਰੀ ਯੂਨੀਅਨ ਵੱਲੋਂ ਮਿਤੀ 27/11/2026 ਤੋਂ ਕਲਾਸਾਂ ਦਾ ਬਾਈਕਾਟ ਕੀਤਾ ਜਾਵੇਗਾ ਅਤੇ 05/12/2026 ਨੂੰ ਨੰਗਲ ਵਿਖੇ ਰੋਸ ਪ੍ਰਦਰਸ਼ਨ ਕਰਦੇ ਹੋਏ ਧਰਨਾ ਲਗਾਇਆ ਜਾਵੇਗਾ ਅਤੇ ਜੇਕਰ ਜਰੂਰਤ ਪੈਂਦੀ ਹੈ ਤਾਂ ਇਸ ਰੋਸ ਪ੍ਰਦਰਸ਼ਨ ਨੂੰ ਪੱਕੇ ਧਰਨੇ ਵਿੱਚ ਤਬਦੀਲ ਕੀਤਾ ਜਾਵੇਗਾ। ਇਸ ਰੋਸ ਪ੍ਰਦਰਸ਼ਨ ਵਿਚ ਜੇਕਰ ਕੋਈ ਨੁਕਸਾਨ ਹੁੰਦਾ ਹੈ ਉਸ ਦੀ ਸਾਰੀ ਜਿੰਮੇਵਾਰੀ ਪੰਜਾਬ ਸਰਕਾਰ ਅਤੇ ਪ੍ਰਸ਼ਾਸਨ ਦੀ ਹੋਵੇਗੀ। ਇਸ ਸਮੇਂ ਯੂਨੀਅਨ ਦੇ ਪ੍ਰਧਾਨ ਕਿਰਨਦੀਪ ਸਿੰਘ ਰੁਪਾਣਾ, ਵਾਈਸ ਪ੍ਰਧਾਨ ਸਿਮਰਨਜੀਤ ਸਿੰਘ, ਪ੍ਰਦੀਪ ਸਿੰਘ, ਹਰਪ੍ਰੀਤ ਸਿੰਘ, ਸੁਖਬੀਰ ਸਿੰਘ ਸਵਰਨ ਸਿੰਘ, ਮਨਜਿੰਦਰ ਸਿੰਘ ਅਮਨਦੀਪ ਸਿੰਘ ਗੁਰਜੀਤ ਸਿੰਘ ਮਨਪ੍ਰੀਤ ਸਿੰਘ ਹਰਜੀਤ ਸਿੰਘ ਸ਼ਮਸ਼ੇਰ ਸਿੰਘ ਆਦਿ ਵੀ ਹਾਜ਼ਰ ਸਨ।

ਕਿਤਾਬ: ਬਾਗੀ ਕੇ ਕਲਾਮ ਕਰ! ਕਾ ਪਾਮਾਰੇ





ਇਹ ਬਾਗੀ ਰਾਈਟਰਜ਼ ਫੋਰਮ ਦੀ ਪਹਿਲੀ ਕਿਤਾਬ ਹੈ, ਜਿਸ ਵਿੱਚ ਇੱਕ ਸਾਹਿਤਕ ਸੰਗ੍ਰਹਿ ਅਤੇ ਸੰਬੰਧਿਤ ਲੇਖ ਹਨ, ਜਿਸ ਵਿੱਚ ਰਚਨਾਤਮਕ ਲਿਖਤ ਦੀ ਭਾਵਨਾ, ਲੇਖਕਾਂ ਦੀਆਂ ਸਮਾਜਿਕ ਜ਼ਿੰਮੇਵਾਰੀਆਂ ਅਤੇ ਨੈਤਿਕ ਕਦਰਾਂ-ਕੀਮਤਾਂ 'ਤੇ ਵਿਸਥਾਰਪੂਰਵਕ ਰੌਸ਼ਨੀ ਪਾਈ ਗਈ ਹੈ। ਇਹ ਲਿਖਤਾਂ ਇਸ ਗੱਲ 'ਤੇ ਜ਼ੋਰ ਦਿੰਦੀਆਂ ਹਨ ਕਿ ਕਲਮ ਦੀ ਸ਼ਕਤੀ ਨੂੰ ਸਮਾਜ ਵਿੱਚ ਸੁਧਾਰ, ਸੱਚਾਈ ਅਤੇ ਸਕਾਰਾਤਮਕ ਸੋਚ ਨੂੰ ਉਤਸ਼ਾਹਿਤ ਕਰਨ ਦੇ ਸਾਧਨ ਵਜੋਂ ਵਰਤਿਆ ਜਾਣਾ ਚਾਹੀਦਾ ਹੈ, ਨਾ ਕਿ ਇਸਨੂੰ ਸਿਰਫ਼ ਆਲੋਚਨਾ ਜਾਂ ਨਿੱਜੀ ਲਾਭ ਲਈ ਵਰਤਣ ਲਈ। ਇਹ ਸੰਗ੍ਰਹਿ ਪਾਕਿਸਤਾਨ ਦੀ ਵਿਚਾਰਧਾਰਕ ਨੀਂਹ, ਰਾਸ਼ਟਰੀ ਏਕਤਾ ਅਤੇ ਸਮੂਹਿਕ ਵਿਕਾਸ ਲਈ ਨੌਜਵਾਨ ਪੀੜ੍ਹੀ ਦੀ ਸਿਖਲਾਈ ਅਤੇ ਰਚਨਾਤਮਕ ਭੂਮਿਕਾ ਦੀ ਮਹੱਤਤਾ ਨੂੰ ਵੀ ਉਜਾਗਰ ਕਰਦਾ ਹੈ। ਲੇਖਕਾਂ ਨੇ ਸੋਸ਼ਲ ਮੀਡੀਆ ਦੇ ਯੁੱਗ ਵਿੱਚ ਜਾਣਕਾਰੀ ਦੀ ਪੁਸ਼ਟੀ ਅਤੇ ਪੱਤਰਕਾਰੀ ਇਮਾਨਦਾਰੀ ਦੀ ਜ਼ਰੂਰਤ ਨੂੰ ਵੀ ਚਰਚਾ ਦਾ ਵਿਸ਼ਾ ਬਣਾਇਆ ਹੈ। ਕੁੱਲ ਮਿਲਾ ਕੇ, ਇਹ ਸਾਰੇ ਪੰਨੇ ਮਨੁੱਖਤਾ, ਆਪਸੀ ਪਿਆਰ, ਸਹਿਣਸ਼ੀਲਤਾ ਅਤੇ ਨੈਤਿਕ ਪਤਨ ਦੇ ਵਿਰੁੱਧ ਬੌਧਿਕ ਵਿਰੋਧ ਦਾ ਇੱਕ ਸ਼ਕਤੀਸ਼ਾਲੀ ਅਤੇ ਚਮਕਦਾਰ ਰੂਪਕ ਹਨ।

ਬਾਗੀ ਕੇ ਕਲਾਮਕਰ ਕਿਤਾਬ ਵਿੱਚ ਸ਼ਾਮਲ ਲੇਖਕਾਂ ਅਤੇ ਕਾਲਮਨਵੀਸਾਂ ਦੇ ਲੇਖਾਂ ਦਾ ਮੁੱਖ ਉਦੇਸ਼ ਅਤੇ ਸੰਦੇਸ਼ ਸਮਾਜਿਕ ਸੁਧਾਰ, ਬੌਧਿਕ ਜਾਗਰੂਕਤਾ ਅਤੇ ਪੱਤਰਕਾਰੀ ਅਤੇ ਨੈਤਿਕ ਜ਼ਿੰਮੇਵਾਰੀਆਂ ਦੀ ਪਾਲਣਾ ਹੈ।

ਸੱਚਾਈ ਅਤੇ ਹਿੰਮਤ: ਸੁਵਿਧਾ ਅਤੇ ਚੁੱਪ ਦੇ ਯੁੱਗ ਵਿੱਚ ਦਲੇਰੀ ਨਾਲ ਸੱਚ ਬੋਲਣਾ, ਸਮੇਂ ਦੇ ਫ਼ਿਰਊਨ ਅਤੇ ਜ਼ਾਲਮਾਂ ਨੂੰ ਆਪਣੀ ਕਲਮ ਰਾਹੀਂ ਚੁਣੌਤੀ ਦੇਣਾ, ਅਤੇ ਬਿਨਾਂ ਕਿਸੇ ਡਰ ਜਾਂ ਦਿਲਚਸਪੀ ਦੇ ਸੱਚ ਦੇ ਬਚਨ 'ਤੇ ਦ੍ਰਿੜ ਰਹਿਣਾ ਇਨ੍ਹਾਂ ਲੇਖਾਂ ਦਾ ਮੁੱਖ ਉਦੇਸ਼ ਹੈ।

ਦੱਬੇ-ਕੁਚਲੇ ਅਤੇ ਚੁੱਪ ਵਰਗਾਂ ਦੀ ਨੁਮਾਇੰਦਗੀ ਕਰਨਾ, ਕਲਮ ਦੀ ਅਸਲ ਸ਼ਕਤੀ ਨੂੰ ਬੇਸਹਾਰਾ, ਦੱਬੇ-ਕੁਚਲੇ ਲੋਕਾਂ ਅਤੇ ਆਮ ਲੋਕਾਂ ਦੀਆਂ ਸਮੱਸਿਆਵਾਂ ਅਤੇ ਇੱਛਾਵਾਂ ਦੀ ਆਵਾਜ਼ ਬਣਾਉਣਾ। ਪੱਤਰਕਾਰੀ ਅਤੇ ਸਾਹਿਤ ਰਾਹੀਂ ਵਾਂਝੇ ਵਰਗਾਂ ਦੀ ਆਵਾਜ਼ ਨੂੰ ਚੈਂਬਰਾਂ ਅਤੇ ਅਧਿਕਾਰੀਆਂ ਤੱਕ ਪਹੁੰਚਾਉਣ 'ਤੇ ਜ਼ੋਰ ਦਿੱਤਾ ਗਿਆ ਹੈ। ਲਿਖਤਾਂ ਦਾ ਉਦੇਸ਼ ਨਾ ਸਿਰਫ਼ ਸਮੱਸਿਆਵਾਂ ਦੀ ਪਛਾਣ ਕਰਨਾ ਹੈ, ਸਗੋਂ ਬੌਧਿਕ ਜਾਗਰੂਕਤਾ, ਨੈਤਿਕ ਕਦਰਾਂ-ਕੀਮਤਾਂ, ਵਿਵਿਅਕ ਜਾਗਰੂਕਤਾ ਅਤੇ ਸਮਾਜ ਵਿੱਚ ਸਕਾਰਾਤਮਕ ਸਮੂਹਿਕ ਤਬਦੀਲੀ ਨੂੰ ਉਤਸ਼ਾਹਿਤ ਕਰਨਾ ਵੀ ਹੈ। ਪੱਤਰਕਾਰੀ ਨੂੰ ਸਿਰਫ਼ ਖ਼ਬਰਾਂ ਜਾਂ ਸੁਰਖੀਆਂ ਅਤੇ ਨਿੱਜੀ ਹਿੱਤਾਂ ਦਾ ਸਰੋਤ ਬਣਾਉਣ ਦੀ ਬਜਾਏ, ਇਸਨੂੰ ਜ਼ਮੀਰ ਦੀ ਆਵਾਜ਼, ਸੱਚ ਦੀ ਖੋਜ ਅਤੇ ਸੱਚ ਦੀ ਪਾਲਣਾ ਲਈ ਇੱਕ ਟਰੱਸਟ ਘੋਸ਼ਿਤ ਕੀਤਾ ਗਿਆ ਹੈ। ਨਿਰਾਸ਼ਾ ਦੇ ਹਨੇਰੇ ਵਿੱਚ ਉਮੀਦ ਦਾ ਦੀਵਾ ਜਗਾਉਂਦੇ ਰਹਿਣਾ, ਨਵੇਂ